# ਪੰਜਾਬ ਸਰਕਾਰ
## ਯੋਜਨਾਬੰਦੀ ਵਿਭਾਗ
## (ਐਨ.ਜੀ.ਓ.ਸ਼ਾਖਾ)
(ਵਿੱਤ ਅਤੇ ਯੋਜਨਾ ਭਵਨ, ਪਲਾਟ ਨੰ: 2-ਬੀ, ਸੈਕਟਰ 33-ਏ, ਚੰਡੀਗੜ੍ਹ)

ਮਿਤੀ 23,ਅਕਤੂਬਰ,2018

**ਨੋਟੀਫਿਕੇਸ਼ਨ**

ਨੰ:25/26/ਪਸਪਬ/ਖੋ.ਅ./ਐਨ.ਜੀ.ਓ./2018/ 3810

ਰਾਜਪਾਲ, ਪੰਜਾਬ ਜੀ ਪ੍ਰਸੰਨਤਾਪੂਰਵਕ ਗੈਰਸਰਕਾਰੀ ਸੰਸਥਾਵਾਂ ਦੇ ਰੋਲ ਨੂੰ ਰਾਜ ਦੇ ਵਿਕਾਸ ਕਾਰਜਾਂ ਵਿਚ ਉੱਨਤ ਕਰਨ ਲਈ ਅਪੈਕਸ ਕਮੇਟੀ ਦਾ ਹੇਠ ਅਨੁਸਾਰ ਪੁਨਰ ਗਠਨ ਕਰਦੇ ਹਨ :-

| | | |
|---|---|---|
| 1) | ਮੁੱਖ ਸਕੱਤਰ, ਪੰਜਾਬ | ਚੇਅਰਮੈਨ |
| 2) | ਵਧੀਕ ਮੁੱਖ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ, ਵਿਭਾਗ ਪੰਜਾਬ | ਮੈਂਬਰ |
| 3) | ਵਿੱਤੀ ਕਮਿਸ਼ਨਰ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ | ਮੈਂਬਰ |
| 4) | ਵਧੀਕ ਮੁੱਖ ਸਕੱਤਰ, ਸਮਾਜਿਕ ਨਿਆਂ ਅਤੇ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ | ਮੈਂਬਰ |
| 5) | ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ | ਮੈਂਬਰ |
| 6) | ਪ੍ਰਮੁੱਖ ਸਕੱਤਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ | ਮੈਂਬਰ |
| 7) | ਪ੍ਰਮੁੱਖ ਸਕੱਤਰ, ਯੋਜਨਾਬੰਦੀ ਵਿਭਾਗ, ਪੰਜਾਬ | ਮੈਂਬਰ ਸਕੱਤਰ |
| 8) | ਪ੍ਰਮੁੱਖ ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ | ਮੈਂਬਰ |
| 9) | ਸਕੱਤਰ, ਸਕੂਲ ਸਿੱਖਿਆ, ਪੰਜਾਬ | ਮੈਂਬਰ |
| 10) | ਡਾਇਰੈਕਟਰ ਜਨਰਲ ਜਾਂ ਉਨ੍ਹਾਂ ਦਾ ਨੁਮਾਇੰਦਾ ਕਾਂਊਂਸਿਲ ਫਾਰ ਐਡਵਾਂਸਮੈਂਟ ਆਫ ਪੀਪਲਜ਼ ਐਕਸ਼ਨ ਐਂਡ ਰੂਰਲ ਟੈਕਨਾਲੋਜੀ (ਕਪਾਰਟ), ਨਵੀਂ ਦਿੱਲੀ | ਮੈਂਬਰ |
| 11) | ਡਾਇਰੈਕਟਰ, ਸੁਸਾਇਟੀ ਫਾਰ ਸਰਵਿਸਜ ਟੂ ਵਲੰਟਰੀ ਏਜੰਸੀਜ (ਨਾਰਥ), ਪੰਜਾਬ। | ਸਪੈਸ਼ਲ ਇਨਵਾਇਟੀ |

2. ਅਪੈਕਸ ਕਮੇਟੀ ਜ਼ਰੂਰਤ ਅਨੁਸਾਰ ਸਮੇਂ-ਸਮੇਂ ਤੇ ਕਿਸੇ ਵੀ ਪ੍ਰਬੰਧਕੀ ਸਕੱਤਰ ਜਾਂ ਅਫਸਰ ਜਾਂ ਕਿਸੇ ਦੂਸਰੇ ਮਾਹਿਰ ਨੂੰ ਵਿਸ਼ੇਸ ਸੱਦਾ ਪ੍ਰਾਪਤ ਵਜੋਂ ਸਹਿਯੋਗੀ ਬਣਾ ਸਕਦੀ ਹੈ।

3. ਅਪੈਕਸ ਕਮੇਟੀ ਦੇ ਚੇਅਰਮੈਨ ਦੇ ਫੈਸਲੇ ਅਨੁਸਾਰ ਸਮੇਂ ਸਮੇਂ ਸਿਰ ਅਤੇ ਮਿੱਥੇ ਸਥਾਨ ਤੇ ਕਮੇਟੀ ਇਕੱਤਰਿਤ ਹੋਵੇਗੀ। ਕਮੇਟੀ ਦੇ ਕਾਰਜ਼ ਨਿਮਨ ਲਿਖਤ ਅਨੁਸਾਰ ਹੋਣਗੇ :-

ੳ) ਪੰਜਾਬ ਦੇ ਵਿਕਾਸ ਕਾਰਜਾਂ ਵਿਚ ਗੈਰ ਸਰਕਾਰੀ ਸੰਸਥਾਵਾਂ ਨੂੰ ਸ਼ਾਮਿਲ ਕਰਨ ਲਈ ਅਗਵਾਈ ਲੀਹਾਂ ਤੇ ਸਮੁੱਚੀ ਸਲਾਹ ਮੁਹੱਈਆ ਕਰਨਾ।

ਅ) ਵਿਕਾਸਸ਼ੀਲ ਕੰਮਾਂ ਵਿਚ ਗੈਰ ਸਰਕਾਰੀ ਸੰਸਥਾਵਾਂ ਦੇ ਰੋਲ ਨੂੰ ਉੱਨਤ ਕਰਨ ਲਈ ਸਬੰਧਤ ਪ੍ਰਬੰਧਕੀ ਵਿਭਾਗ ਦੀ ਵਿੱਤੀ/ਭੌਤਿਕ ਪ੍ਰਗਤੀ ਦੀ ਸਮੀਖਿਆ ਕਰਨਾ ਅਤੇ ਜੇ ਕੋਈ ਅੜਚਨ ਹੋਵੇ, ਤਾਂ ਉਸ ਨੂੰ ਹਟਾਉਣ ਲਈ ਉਪਚਾਰਿਕ ਕਦਮ ਉਠਾਉਣਾ।

ੲ) ਚੇਅਰਮੈਨ ਦੇ ਫੈਸਲੇ ਅਨੁਸਾਰ ਇਸ ਤੋਂ ਇਲਾਵਾ ਹੋਰ ਕੋਈ ਕਾਰਜ।

ਪਿਛਲੇ ਪੰਨੇ ਤੋਂ......./-

4. ਗੈਰ ਸਰਕਾਰੀ ਮਾਹਿਰ ਜਿਹੜੇ ਕਿ ਮੀਟਿੰਗ ਵਿਚ ਵਿਸ਼ੇਸ ਸੱਦਾ ਪ੍ਰਾਪਤ ਵਜੋਂ ਬੁਲਾਏ ਜਾਣ, ਰਾਜ ਸਰਕਾਰ ਦੇ ਗ੍ਰੇਡ-1 ਅਫਸਰਾਂ ਦੇ ਬਰਾਬਰ ਸਫਰੀ ਭੱਤਾ ਅਤੇ ਮਹਿੰਗਾਈ ਭੱਤਾ ਲਈ ਹੱਕਦਾਰ ਹੋਣਗੇ। ਇਨ੍ਹਾਂ ਕੇਸਾਂ ਲਈ ਸਫਰੀ ਭੱਤਾ ਅਤੇ ਮਹਿੰਗਾਈ ਭੱਤਾ ਸਕੀਮ ਪੀ.ਐਮ.-6 'ਗੈਰ ਸਰਕਾਰੀ ਸੰਸਥਾਵਾਂ ਦੀ ਸਹਾਇਤਾ' ਵਿਚੋਂ ਅਦਾਇਗੀ ਯੋਗ ਹੋਵੇਗਾ।

5. ਕਮੇਟੀ ਦੀ ਮਿਆਦ ਤਿੰਨ ਸਾਲਾਂ ਦੀ ਹੋਵੇਗੀ।

ਜਸਪਾਲ ਸਿੰਘ

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ

ਯੋਜਨਾਬੰਦੀ ਵਿਭਾਗ,ਪੰਜਾਬ

ਚੰਡੀਗੜ੍ਹ

ਮਿਤੀ: 18 ਅਕਤੂਬਰ, 2018

ਸੇਵਾ ਵਿਖੇ,

i. ਮੁੱਖ ਸਕੱਤਰ, ਪੰਜਾਬ
ii. ਵਧੀਕ ਮੁੱਖ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ, ਵਿਭਾਗ ਪੰਜਾਬ
iii. ਵਿੱਤੀ ਕਮਿਸ਼ਨਰ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ
iv. ਵਧੀਕ ਮੁੱਖ ਸਕੱਤਰ, ਸਮਾਜਿਕ ਨਿਆਂ ਅਤੇ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ
v. ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ
vi. ਪ੍ਰਮੁੱਖ ਸਕੱਤਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ,ਪੰਜਾਬ
vii. ਪ੍ਰਮੁੱਖ ਸਕੱਤਰ, ਯੋਜਨਾਬੰਦੀ ਵਿਭਾਗ, ਪੰਜਾਬ
viii. ਪ੍ਰਮੁੱਖ ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ
ix. ਸਕੱਤਰ, ਸਕੂਲ ਸਿੱਖਿਆ, ਪੰਜਾਬ
x. ਡਾਇਰੈਕਟਰ ਜਨਰਲ ਕਾਂਊਂਸਿਲ ਫਾਰ ਐਡਵਾਂਸਮੈਂਟ ਆਫ ਪੀਪਲਜ਼ ਐਕਸ਼ਨ ਐਂਡ ਰੂਰਲ ਟੈਕਨਾਲੋਜੀ (ਕਪਾਰਟ), ਨਵੀਂ ਦਿੱਲੀ
xi. ਡਾਇਰੈਕਟਰ, ਸੁਸਾਇਟੀ ਫਾਰ ਸਰਵਿਸਜ ਟੂ ਵਲੰਟਰੀ ਏਜੰਸੀਜ਼ (ਨਾਰਥ), ਪੰਜਾਬ।

ਡਾਇਰੈਕਟਰ ਯੋਜਨਾ

ਪਿੱਠ ਅੰਕਣ ਨੰ: 25/26/ਪਸਪਬ/ਖੋ.ਅ./ਐਨ.ਜੀ.ਓ./ 3811 ਮਿਤੀ: 23/10/18

ਇਸ ਦਾ ਇੱਕ ਉਤਾਰਾ, ਕੰਟਰੋਲਰ, ਛਪਾਈ ਅਤੇ ਸਟੇਸ਼ਨਰੀ, ਪੰਜਾਬ ਨੂੰ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਦਫਤਰੀ ਗਜਟ ਵਿਚ ਪ੍ਰਕਾਸ਼ਨ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਕਾਪੀ ਵੱਲ,

ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਨਿੱਜੀ ਸਹਾਇਕ ਵਿਸ਼ੇਸ ਸਕੱਤਰ ਯੋਜਨਾ।